بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 16.03.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪ੍ਰਤੱਖ ਪ੍ਰਮਾਣ ਹਨ, ਹੁਣ ਕੋਈ ਵਿਅਕਤੀ ਇਹਨਾਂ ਪ੍ਰਮਾਣਾ ਨੂੰ ਨਸ਼ਟ ਕਰਦਾ ਹੈ ਤਾਂ ਉਹ ਸੰਭਵਤਾ ਹਜ਼ਰਤ ਮੁਹਮੱਦ ਸਲਲੱਾਹੁ ਆਲੈਹਿ ਵਸਲਮ ਦੀ ਨਬੁਵੱਤ ਨੂੰ ਨਸ਼ਟ ਕਰਨਾ ਚਾਹੁੰਦਾ ਹੈ, ਸੋ, ਉਹੋ ਵਿਅਕਤੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੱਚੀ ਕਦਰ ਕਰ ਸਕਦਾ ਹੈ ਜੋ ਸਹਾਬਾ ਕਰਾਮ ਦੀ ਕਦਰ ਕਰਦਾ ਹੈ । ਜੋ ਸਹਾਬਾ ਕਰਾਮ ਦੀ ਕਦਰ ਨਹੀਂ ਕਰਦਾ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਕਦਰ ਨਹੀਂ ਕਰਦਾ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਮਾਰਚ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਮੌਕੇ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਦਾ ਸਥਾਨ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਚਰਿਤੱਰ ਦੇ ਪ੍ਰਤਖ ਪ੍ਰਮਾਣ ਹਨ । ਹੁਣ ਗੋਈ ਵਿਅਕਤੀ ਇਹਨਾਂ ਪ੍ਰਮਾਣਾਂ ਨੂੰ ਨਸ਼ਟ ਕਰਦਾ ਹੈ ਤਾਂ ਸੰਭਵਤਾ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਨਬੁਵੱਤ ਨੂੰ ਨਸ਼ਟ ਕਰਨਾ ਚਾਹੁੰਦਾ ਹੈ । ਸੋ, ਉਹੋ ਮਨੁੱਖ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਕਦਰ ਕਰ ਸਕਦਾ ਹੈ ਜੋ ਸਹਾਬਾ ਕਰਾਮ ਦੀ ਕਦਰ ਕਰਦਾ ਹੈ । ਜੋ ਸਹਾਬਾ ਕਰਾਮ ਦੀ ਕਦਰ ਨਹੀਂ ਕਰਦਾ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਕਦਰ ਨਹੀਂ ਕਰਦਾ । ਕਿਉਂਕਿ ਅਜਿਹਾ ਕਦੇ ਨਹੀਂ ਹੋ ਸਕਦਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲਹਿ ਵਸਲਮ ਨਾਲ ਪਿਆਰ ਹੋਵੇ ਅਤੇ ਸਹਾਬਾ ਨਾਲ ਦੁਸ਼ਮਣੀ । ਆਪ ਨੇ ਫ਼ਰਮਾਇਆ ਕਿ ਸਹਾਬਾ ਕਰਾਮ ਦੀ ਉਹ ਪਾਕ ਜਮਾਤ ਸੀ ਜੋ ਆਪਣੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਤੋਂ ਕਦੇ ਵੀ ਅੱਡ ਨਹੀਂ ਹੋਈ ਅਤੇ ਆਪਦੇ ਮਾਰਗ ਵਿੱਚ ਜਾਨ ਦੇਣ ਲਈ ਸੰਕੋਚ ਨਹੀਂ ਕੀਤਾ। ਫ਼ਰਮਾਉਂਦੇ ਹਨ ਕਿ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਆਗਿਆਕਾਰੀ ਵਿੱਚ ਅਜਿਹੇ ਵਿਲੀਨ ਹੋ ਗਏ ਕਿ ਉਸ ਲਈ ਹਰ ਕਸ਼ਟ ਤੇ ਦੁੱਖ ਉਠਾਉਣ ਨੂੰ ਹਰ ਸਮੇਂ ਤਤੱਪਰ ਸਨ ।

ਸੋ, ਇਹ ਉਹ ਸਥਾਨ ਹੈ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਦਾ ਜੋ ਹਰ ਅਹਮਦੀ ਨੂੰ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ । ਸਹਾਬਾ ਰਜ਼ੀ ਅਲੱਾਹ ਅਨਹੁਮ ਦੇ ਚਰਿਤੱਰ ਸਾਡੇ ਨਮੂਨੇ (ਉਧਾਰਣਾ) ਹਨ ਅਤੇ ਸਾਨੂੰ ਉਹਨਾਂ ਨੂੰ ਆਪਣੇ ਜੀਵਨ ਦਾ ਅੰਗ ਬਨਾਉਣ ਦਾ ਜਤਨ ਕਰਨਾ ਚੀਦਾ ਹੈ । ਇਸ ਸਮੇਂ ਮੈਂ ਕੁਝ ਸਹਾਬਾ ਰਿਜ਼ਵਾਨੁਲੱਾਹ ਅਨਹੁਮ ਦੀਆਂ ਕੁਝ ਘਟਨਾਵਾਂ ਵਰਨਣ ਕਰਾਂਗਾ :

ਇਕ ਸਹਾਬੀ ਅਬੂ ਦਜਾਨਹ ਅੰਸਾਰੀ ਸਨ, ਉਹਨਾਂ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਮਦੀਨੇ ਹਿਜਰਤ ਤੋਂ ਪਹਿਲਾਂ ਇਸਲਾਮ ਕੁਬੂਲ ਕੀਤਾ ਸੀ, ਮਦੀਨੇ ਦੇ ਰਹਿਣ ਵਾਲੇ ਸਨ । ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਅਤਿਅੰਤ ਬਹਾਦੁਰੀ ਦੇ ਜੌਹਰ ਦਿਖਾਏ । ਇਸੇ ਪ੍ਰਕਾਰ ਓਹਦ ਦੀ ਜੰਗ ਵਿੱਚ ਵੀ ਭਾਗ ਲੈਣ ਦਾ ਸੋਭਾਗ ਪ੍ਰਾਪਤ ਹੋਇਆ ਅਤੇ ਜੰਗ ਦਾ ਪਾਸਾ ਪਰਤਨ ਦੇ ਬਾਦ ਜੋ ਸਹਾਬਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨੇੜੇ ਰਹਿ ਗਏ ਸਨ, ਉਹਨਾਂ ਵਿੱਚ ਹਜ਼ਰਤ ਅਬੂ ਦਜਾਨਹ ਵੀ ਸ਼ਾਮਲ ਸਨ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਬਚਾਓ ਵਿੱਚ ਅਤਿਅੰਤ ਜ਼ਖ਼ਮੀ ਵੀ ਹੋ ਗਏ ਸਨ ਪਰ ਜ਼ਖਮਾ ਦੇ ਹੁੰਦਿਆਂ ਹੋਇਆਂ ਵੀ ਪਿੱਛੇ ਨਹੀਂ ਹਟੇ ।

ਜੰਗੇ ਯਮਾਮਾ ਵਿੱਚ ਮੁਸੈਲਮਾ ਕਜ਼ੱਾਬ ਦੇ ਵਿਰੁਧ ਜੰਗ ਕਰਦਿਆਂ ਹੋਇਆਂ ਆਪ ਨੇ ਸ਼ਹੀਦੀ ਪ੍ਰਾਪਤ ਕੀਤੀ । ਉਹਨਾਂ ਨੇ ਬਹੁਤ ਬਹਾਦੁਰੀ ਨਾਲ ਕਿਲੇ ਦਾ ਦਰਵਾਜ਼ਾ ਖੋਲਣ ਲਈ ਜੋ ਅੰਦਰੋ ਬੰਦ ਹੋ ਗਿਆ ਸੀ, ਇਕ ਵਿਉਂਤ ਕੀਤੀ ਅਤੇ ਆਪਣੇ ਸਾਥੀਆਂ ਨੂੰ ਕਿਹਾ ਕਿ ਮੈਨੂੰ ਕੰਧ ਉਪੱਰੋਂ ਅੰਦਰ ਸੁੱਟ ਦਿਓ, ਬਹੁਤ ਉੱਚੀ ਕੰਦ ਸੀ । ਇਸ ਪ੍ਰਕਾਰ ਜੱਦ ਉਹਨਾਂ ਨੂੰ ਸੁੱਟਿਆ ਗਿਆ ਤਾਂ ਡਿਗੱਣ ਕਰਕੇ ਉਹਨਾਂ ਦੀ ਲੱਤ ਟੁੱਟ ਗਈ ਪਰ ਇਸ ਦੇ ਬਾਦ ਵੀ ਬਹਾਦੁਰੀ ਨਾਲ ਲੜਦਿਆਂ ਹੋਇਆਂ ਕਿਲੇ ਦਾ ਦਰਵਾਜ਼ਾ ਖੋਲ ਦਿਤੱਾ ਅਤੇ ਮੁਸਲਮਾਨ ਅੰਦਰ ਦਾਖ਼ਲ ਹੋ ਗਏ । ਇਸ ਅਵਸਥਾ ਵਿੱਚ ਲੜਦਿਆਂ ਹੋਇਆਂ ਉਹ ਸ਼ਹੀਦ ਹੋਏ । ਇਕ ਵਾਰ ਬਿਮਾਰੀ ਵਿੱਚ ਆਪਣੇ ਸਾਥੀ ਨੂੰ ਕਹਿਣ ਲੱਗੇ ਕਿ ਸ਼ਾਇਦ ਮੇਰੇ ਦੋ ਅਮਲ (ਕੰਮ) ਰੱਬ ਕੁਬੂਲ ਕਰ ਲਏ । ਇਕ ਇਹ ਕਿ ਮੈਂ ਕੋਈ ਫ਼ਜ਼ੂਲ ਗੱਲ ਨਹੀਂ ਕਰਦਾ, ਗ਼ੀਬਤ (ਚੁਗ਼ਲੀ) ਨਹੀਂ ਕਰਦਾ, ਲੋਕਾਂ ਦੇ ਪਿੱਛੇ ਉਹਨਾਂ ਦੀਆਂ ਗਲੱਾਂ ਨਹੀਂ ਕਰਦਾ ਦੂਜਾ ਇਹ ਕਿ ਕਿਸੇ ਮੁਸਲਮਾਨ ਲਈ ਮੇਰੇ ਮਨ ਵਿੱਚ ਕੀਨਾ ਤੇ ਸਾੜਾ ਨਹੀਂ ਹੈ ।

ਹਜ਼ਰਤ ਮੁਹਮੱਦ ਮੁਸੱਲਮਾ ਦਾ ਵਰਨਣ ਮਿਲਦਾ ਹੈ ਜੋ ਅਰੰਭਕ ਅੰਸਾਰੀ ਮੁਸਲਮਾਨਾਂ ਵਿੱਚੋਂ ਸਨ ਬਹੁਤ ਬਹਾਦੁਰ ਤੇ ਨਿਡਰ ਵਿਅਕਤੀ ਸਨ । ਓਹਦ ਦੀ ਜੰਗ ਵਿੱਚ ਮੁਹਮੱਦ ਬਿਨ ਮੁਸਲੱਮਾ ਬਹੁਤ ਦ੍ਰਿੜ੍ਹ ਪੈਰ੍ਹੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਡਟੇ ਰਹੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਉਹਨਾਂ ਨੂੰ ਆਪਣੀ ਤਲਵਾਰ ਦਿੰਦਿਆਂ ਹੋਇਆਂ ਫ਼ਰਮਾਇਆ ਕਿ ਜੱਦ ਤੱਕ ਮੁਸ਼ਰਕਾਂ ਨਾਲ ਤੁਹਾਡੀਆਂ ਜੰਗਾ ਹੋਣ, ਇਸ ਤਲਵਾਰ ਨਾਲ ਉਹਨਾਂ ਨਾਲ ਜੰਗ ਕਰਦੇ ਰਹਿਣਾ ਅਤੇ ਜੱਦ ਅਜਿਹਾ ਸਮਾਂ ਆਏ ਕਿ ਮੁਸਲਮਾਨ ਆਪੋ ਵਿੱਚ ਲੜਨ ਲੱਗ ਜਾਣ ਤਾਂ ਇਹ ਤਲਵਾਰ ਤੋੜ ਦੇਣਾ ਅਤੇ ਆਪਣੇ ਘਰ ਬਹਿ ਜਾਣਾ, ਇੱਥੋਂ ਤੱਕ ਕਿ ਕੋਈ ਤੁਹਾਡੇ ਉਪੱਰ ਹਮਲਾਆਵਰ ਹੋਵੇ ਜਾਂ ਤੁਹਾਡੀ ਮੌਤ ਆ ਜਾਵੇ । ਉਹਨਾਂ ਨੇ ਇਸ ਨਸੀਹਤ ਉਪੱਰ ਅਮਲ ਕੀਤਾ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੀ ਸ਼ਹਾਦਤ ਦੇ ਬਾਦ ਇਸ ਤਲਵਾਰ ਨੂੰ ਤੋੜ ਦਿਤੱਾ ਅਤੇ ਲਕੜੀ ਦੀ ਇਕ ਤਲਵਾਰ ਬਣਾਈ ਜੋ ਮਿਆਨ ਵਿੱਚ ਲਟਕਾਉਂਦੇ ਸਨ । ਕਈ ਸਹਾਬਾ ਕਹਿੰਦੇ ਸਨ ਕਿ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੀ ਸ਼ਹੀਦੀ ਦੇ ਬਾਦ ਮੁਸਲਮਾਨਾ ਵਿੱਚ ਜੋ ਫ਼ਿਤਨੇ ਤੇ ਫ਼ਸਾਦ ਸ਼ੁਰੂ ਹੋਏ ਇਸ ਦਾ ਜੇਕਰ ਕਿਸੇ ਉਪੱਰ ਕੋਈ ਪ੍ਰਭਾਵ ਨਹੀਂ ਹੋਇਆਂ ਤਾਂ ਉਹ ਮੁਹਮੱਦ ਬਿਨ ਮੁਸਲੱਮਾ ਸਨ । ਉਹਨਾਂ ਦੇ ਫ਼ਿਤਨਿਆਂ ਤੋਂ ਬਚਣ ਲਈ ਵਿਰਾਨੇ (ਉਜਾੜ) ਵਿੱਚ ਡੇਰਾ ਪਾ ਲਿਆ ਸੀ ।

ਸੋ, ਇਹ ਉਹ ਲੋਕ ਸਨ ਜਿੰਨ੍ਹਾ ਨੇ ਜੱਦ ਜੰਗ ਕੀਤੀ ਤਾਂ ਇਸ ਲਈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ ਮੁਸ਼ਰਿਕ ਜੋ ਦੀਨ (ਧਰਮ) ਨੂੰ ਖ਼ਤਮ ਕਰਨ ਲਈ ਹਮਲਾ ਕਰ ਰਹੇ ਹਨ, ਇਹਨਾਂ ਨਾਲ ਲੜੋ । ਜੱਦ ਤੱਕ ਮੁਸਲਮਾਨ ਇਸ ਗੱਲ'ਤੇ ਕਾਇਮ ਰਹੇ, ਉਹਨਾਂ ਦੀ ਤਾਕਤ ਵੀ ਅਜਿਹੀ ਰਹੀ ਕਿ ਉਹ ਵਿਜੇਈ ਹੁੰਦੇ ਰਹੇ ਅਤੇ ਜੱਦ ਆਪੋ ਵਿੱਚ ਲੜਾਈਆਂ ਸ਼ੁਰੂ ਹੋਈਆਂ ਜੱਦ ਮੁਨਾਫ਼ਕਾਂ ਦੀਆਂ ਗਲੱਾਂ ਵਿੱਚ ਆਣਕੇ ਆਪੋ ਵਿੱਚ ਇਕ ਦੂਜੇ ਦੀਆਂ ਗਰਦਨਾ ਕਟੱਣ ਲੱਗੇ ਤਾਂ ਬੇਸ਼ਕ ਹੁਕੂਮਤਾਂ ਚਲਦੀਆਂ ਰਹੀਆਂ ਪਰ ਏਕਤਾ ਨਹੀਂ ਰਹੀ ਅਤੇ ਹੌਲੀ ਹੌਲੀ ਹੁਕੂਮਤਾਂ ਵੀ ਕਮਜ਼ੋਰ ਹੁੰਦੀਆਂ ਗਈਆਂ ਅਤੇ ਅੱਜ ਅਸੀਂ ਦੇਖਦੇ ਹਾਂ ਕਿ ਮੁਸਲਮਾਨਾਂ ਦੇ ਜੋ ਆਪੋ ਵਿੱਚ ਮਤਿਭੇਦ ਹਨ ਉਹਨਾਂ ਦਾ ਅਤਿ ਹੋ ਚੁਕੀ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲਹਿ ਵਸਲਮ ਦੀ ਇਕ ਦੂਜੀ ਪੇਸ਼ਗੋਈ ਵੀ ਪੂਰੀ ਹੋ ਚੁਕੀ ਹੈ ਕਿ ਅੰਧਕਾਰ ਦੇ ਜੁੱਗ ਦੇ ਬਾਦ ਜੱਦ ਚਾਨ੍ਹਣੇ ਦੇ ਜੁੱਗ ਦਾ ਸਮਾਂ ਆਏ ਮਸੀਹ ਮੌਊਦ ਦਾ ਸਮਾਂ ਆਏ ਤਾਂ ਮਸੀਹ ਮੌਊਦ ਨੂੰ ਮੰਨ੍ਹ ਲੈਂਣਾ ਅਤੇ ਜਮਾਤ ਨਾਲ ਜੁੜ ਜਾਣਾ ਕਿ ਇਸੇ ਵਿੱਚ ਬਰਕਤ ਹੈ। ਪਰ ਇਸ ਆਉਣ ਵਾਲੇ ਨੂੰ ਨ ਮੰਨ੍ਹਕੇ ਮੁਸਮਲਮਾਨ ਆਪਣੇ ਹੀ ਦੇਸ਼ਾਂ ਵਿੱਚ ਇਕ ਦੂਜੇ ਦੇ ਰਕਤ ਦੇ ਪਿਆਸੇ ਹੋ ਰਹੇ ਹਨ ਅਤੇ ਇਸੇ ਦਾ ਸਿਟੱਾ ਹੈ ਕਿ ਅੱਜ ਗ਼ੈਰ ਮੁਸਲਿਮ ਦੁਨੀਆ ਅਮਲੀ ਰੂਪ ਵਿੱਚ ਮੁਸਲਮਾਨਾ ਉਪੱਰ ਹੁਕੂਮਤ ਕਰ ਰਹੀ ਹੈ ।

ਇਕ ਖ਼ੁਸ਼ਕਿਸਮਤ ਅਰੰਭਕ ਸਹਾਬੀ ਹਜ਼ਰਤ ਅਬੂ ਅਯੂੱਬ ਅੰਸਾਰੀ ਸਨ, ਜਿੰਨ੍ਹਾ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਮਦੀਂਨੇ ਵਿੱਚ ਮੇਜ਼ਬਾਨੀ ਦਾ ਸੋਭਾਗ ਪ੍ਰਾਪਤ ਹੋਇਆ । ਮੱਕੇ ਤੋਂ ਹਿਜਰਤ ਦੇ ਬਾਦ ਉਹਨਾਂ ਦੇ ਘਰ ਹੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਡੇਰਾ ਲਾਇਆ । ਉਪੱਰ ਦੀ ਮੰਜ਼ਲ ਵਿੱਚ ਅਬੂ ਅਯੂੱਬ ਅੰਸਾਰੀ ਰਹਿੰਦੇ ਸਨ, ਨਿਚਲਾ ਸਾਰਾ ਹਿਸੱਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਪੇਸ਼ ਕਰ ਦਿਤੱਾ । ਲਗਭਗ ਛੇ ਸੱਤ ਮਹੀਂਨੇ ਹਜ਼ਰਤ ਮੁਹਮੱਦ ਸਲਲੱਾਹੁ ਲੈਅਹਿ ਵਸਲਮ ਉਹਨਾਂ ਦੇ ਘਰ ਠਹਿਰੇ । ਮਹਿਮਾਨਵਾਜ਼ੀ ਦਾ ਹੱਕ ਵੀ ਉਹਨਾਂ ਦੇ ਬਖ਼ੂਬੀ ਪੂਰਾ ਕਰਨ ਦਾ ਜਤਨ ਕੀਤਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਬਚੇ ਹੋਏ ਖਾਨੇ ਤੋਂ ਇਹ ਖਾਣਾ ਖਾਇਆ ਕਰਦੇ ਸਨ । ਰਿਵਾਇਤਾਂ ਵਿੱਚ ਲਿੱਖਿਆ ਹੈ ਕਿ ਜਿੱਥੋਂ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀਆਂ ਉਂਗਲਾਂ ਦੇ ਨਿਸ਼ਾਨ ਹੁੰਦੇ ਸਨ ਓਥੋਂ ਜੋ ਇਹ ਬਚਕੇ ਆਉਂਦਾ ਸੀ ਇਹ ਖਾਇਆ ਕਰਦੇ ਸਨ । ਅਜੀਬ ਪ੍ਰੇਮ ਤੇ ਇਸ਼ਕ ਦੇ ਕਿੱਸੇ ਹਨ ।

ਹਜ਼ਰਤ ਅਬੂ ਅਯੂੱਬ ਅੰਸਾਰੀ ਸਾਰੀਆਂ ਜੰਗਾ ਵਿੱਚ ਸ਼ਾਮਲ ਹੋਏ । ਖ਼ੈਬਰ ਦੀ ਜੰਗ ਵਿੱਚ ਜੋ ਯਹੂਦੀ ਸਰਦਾਰ ਮਾਰਿਆ ਗਿਆ ਸੀ, ਉਸ ਦੀ ਪੁਤੱਰੀ ਸਫ਼ੀਅਹ ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਿਕਾਹ ਵਿੱਚ ਆਈ ਤਾਂ ਵਿਦਾਈ ਦੇ ਅਗੱਲੇ ਦਿਨ ਸਵੇਰੇ ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਮਾਜ਼ ਪੜ੍ਹਾਉਣ ਲਈ ਬਾਹਰ ਆਏ ਤਾਂ ਦੇਖਿਆ ਕਿ ਅਬੂ ਅਯੂੱਬ ਅੰਸਾਰੀ ਬਾਹਰ ਪਹਿਰੇ'ਤੇ ਖੜੇ ਹਨ । ਆਪ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਨੂੰ ਪੁੱਛਿਆ ਕੀ ਕਾਰਣ ਹੈ ਕਿ ਤੁਸੀ ਪਹਿਰੇ'ਤੇ ਖੜੇ ਹੋ । ਉਹਨਾਂ ਦੇ ਬਿਨਤੀ ਕੀਤੀ ਕਿ ਹਜ਼ਰਤ ਸਫ਼ੀਆਹ ਦੇ ਸੰਬੰਧੀਆਂ ਨੂੰ ਸਾਡੇ ਹੱਥੀ ਹਾਨੀ ਪਹੁੰਚੀ ਹੈ । ਇਸ ਲਈ ਮੈਂਨੂੰ ਵਿਚਾਰ ਆਇਆ ਕਿ ਕੋਈ ਆਣਕੇ ਆਪਣਾ ਬਦਲਾ ਲੈਂਣ ਦਾ ਜਤਨ ਨ ਕਰੇ । ਇਸ ਲਈ ਮੈਂ ਪਹਿਰੇ ਲਈ ਆ ਗਿਆ ਸੀ । ਇਸ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਦੇ ਹੱਕ ਵਿੱਚ ਇਉਂ ਦੁਆ ਕੀਤੀ ਕਿ ਹੇ, ਅਲੱਾਹ ! ਅਬੂ ਅਯੂੱਬ ਨੂੰ ਆਪਣੀ ਸੁਰੱਖਿਆ ਤੇ ਅਮਾਨ ਵਿੱਚ ਰਖੱਣਾ, ਜਿਵੇਂ ਸਾਰੀ ਰਾਤ ਇਹ ਮੇਰੀ ਸੁਰੱਖਿਆ ਲਈ ਤੈਨਾਤ ਰਿਹਾ ਹੈ । ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਨੇ ਆਪ ਦੀ ਸੁਰੱਖਿਆ ਤੇ ਅਮਾਨ ਦੀ ਜੋ ਦੁਆ ਕੀਤੀ ਸੀ ਉਸ ਦਾ ਸਿਟੱਾ ਇਹ ਸੀ ਕਿ ਆਪ ਨੇ ਬਹੁਤ ਸਾਰੀਆਂ ਜੰਗਾ ਵਿੱਚ ਭਾਗ ਲਿਆ ਅਤੇ ਹਰ ਥਾਂ ਵਿਜੇਈ ਬਣਗੇ ਪਰਤੇ ਅਤੇ ਬਹੁਤ ਲੰਮੀ ਉਮਰ ਭੋਗੀ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਕ ਹੋਰ ਸਹਾਬੀ ਅਬਦੁਲੱਾਹ ਬਿਨ ਰਵਾਹਾ ਸਨ ਜੋ ਅਰਬ ਦੇ ਪ੍ਰਸਿੱਧ ਸ਼ਾਇਰ (ਕਵੀ) ਵੀ ਸਨ ਅਤੇ ਸ਼ਾਇਰੇ ਰਸੂਲ ਦੇ ਨਾਂ ਨਾਲ ਵੀ ਜਾਣੇ ਜਾਂਦੇ ਸਨ । ਬਦਰ ਦੀ ਜੰਗ ਖ਼ਤਮ ਹੋਣ ਦੇ ਬਾਦ ਫ਼ਤਹਿ ਦੀ ਖ਼ਬਰ ਮਦੀਂਨੇ ਪਹੁੰਚਾਉਣ ਵਾਲੇ ਵੀ ਆਪ ਹੀ ਸਨ । ਹਜ਼ਰਤ ਉਰਵਹ ਤੋਂ ਰਿਵਾਇਤ ਹੈ ਕਿ ਆਪ ਸਲਲੱਾਹੁ ਅਲੈਹਿ ਵਸਲਮ ਇਕ ਸਭਾ ਨੇੜਿਓਂ ਲੰਘੇ ਜਿਸ ਵਿੱਚ ਮੁਸਲਮਾਨ, ਮੁਸ਼ਰਕ ਅਤੇ ਯਹੂਦੀ ਰਲੇ ਮਿਲੇ ਬੈਠੇ ਸਨ । ਇਸ ਸਭਾ ਵਿੱਚ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਵੀ ਸਨ । ਜੱਦ ਆਪ ਸਲਲੱਾਹੁ ਅਲੈਹਿ ਵਸਲਮ ਸਭਾ ਦੇ ਨੇੜੇ ਪਹੁੰਚੇ ਤਾਂ ਸਵਾਰੀ ਕਰਕੇ ਥੋੜੀ ਜਿਹੀ ਧੂੜ ਉੱਡੀ । ਅਬਦੁਲੱਾਹ ਬਿਨ ਅਬੀ ਨੇ ਆਪਣੀ ਨੱਕ ਆਪਣੀ ਚਦੱਰ ਨਾਲ ਢੱਕ ਲਈ ਅਤੇ ਕਿਹਾ ਸਾਡੇ'ਤੇ ਘਟੱਾ ਨ ਪਾਓ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਨੂੰ ਅਸੱਲਾਮੁ ਅਲੈਕੁਮ ਕਿਹਾ ਅਤੇ ਉਹਨਾਂ ਨੂੰ ਰੱਬ ਵੱਲ ਬੁਲਾਇਆ ਅਤੇ ਉਨ੍ਹਾ'ਤੇ ਕੁਰਆਨ ਕਰੀਮ ਪੜ੍ਹਿਆ । ਅਬਦੁਲੱਾਹ ਬਿਨ ਅਬੀ ਕਹਿਣ ਲੱਗਾ ਕਿ ਇਹ ਚੰਗੀ ਗੱਲ ਨਹੀਂ, ਜੇਕਰ ਤੁਸੀਂ ਜੋ ਕੁਝ ਕਹਿੰਦੇ ਹੋ ਸੱਚ ਹੈ ਤਾਂ ਫਿਰ ਵੀ ਸਾਡੀ ਸਭਾ ਵਿੱਚ ਸਾਨੂੰ ਕਸ਼ਟ ਨਾ ਦਿਓ ਅਤੇ ਆਪਣੇ ਡੇਰੇ ਵੱਲ ਪਰਤ ਜਾਓ ਅਤੇ ਜੋ ਤੁਹਾਡੇ ਕੋਲ ਆਏ ਉਸ ਨੂੰ ਦੱਸੋ । ਹਜ਼ਰਤ ਅਬਦੁਲੱਾਹ ਬਿਨ ਰਵਾਹਾ ਨੇ ਬਿਨਤੀ ਕੀਤੀ ਕਿ ਹੇ, ਰਸੂਲੁਲੱਹ ! ਆਪ ਸਾਡੀ ਸਭਾ ਵਿੱਚ ਆਇਆ ਕਰਨ ਅਸੀਂ ਇਹ ਪਸੰਦ ਕਰਦੇ ਹਾਂ । ਇਹ ਉਸ ਗ਼ੈਰਤ ਤੇ ਪ੍ਰੇਮ ਦਾ ਆਪ ਮੁਹਾਰਾ ਪ੍ਰਗਟਾਵਾ ਸੀ ਜੋ ਅਬਦੁਲੱਾਹ ਬਿਨ ਰਵਾਹਾ ਨੇ ਕੀਤਾ ਅਤੇ ਉਹਨਾਂ ਸਰਦਾਰਾਂ ਤੇ ਦੁਨੀਆਦਾਰਾਂ ਦੀ ਕੋਈ ਪਰਵਾਹ ਨਹੀਂ ਕੀਤੀ ।

ਹਜ਼ਰਤ ਇਬਨੇ ਅਬੱਾਸ ਤੋਂ ਰਿਵਾਇਤ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੁਹਿਮ ਵਿੱਚ ਸਹਾਬਾ ਨੂੰ ਭੇਜਿਆ । ਜਿੰਨ੍ਹਾ ਵਿੱਚ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਵੀ ਸ਼ਾਮਲ ਸਨ । ਜੁਮਏ ਦਾ ਦਿਨ ਸੀ ਮੁਹਿਮ ਵਿੱਚ ਸ਼ਾਮਲ ਬਾਕੀ ਸਹਾਬਾ ਤਾਂ ਸਵੇਰੇ ਰਵਾਨਾ ਹੋ ਗਏ । ਇਹਨਾਂ ਨੇ ਕਿਹਾ ਕਿ ਮੈਂ ਪਿੱਛੇ ਰਹਿਕੇ ਜੁਮਏ ਦੀ ਨਮਾਜ਼ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨਾਲ ਪੜ੍ਹਕੇ ਫਿਰ ਉਹਨਾਂ ਵਿੱਚ ਜਾ ਰਲਾਂਗਾ । ਨਮਾਜ਼ ਦੇ ਬਾਦ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਜੱਦ

ਇਹਨਾਂ ਨੂੰ ਮਸਜਿਦ ਵਿੱਚ ਦੇਖਿਆ ਤਾਂ ਇਹਨਾਂ ਨੂੰ ਪੁੱਛਿਆ ਕਿ ਤੁਹਾਨੂੰ ਕਿਸ ਚੀਜ਼ ਨੇ ਆਪਣੇ ਸਾਥੀਆਂ ਨਾਲ ਰਵਾਨਾ ਹੋਣ ਤੋਂ ਰੋਕ ਰੱਖਿਆ ਹੈ । ਉਹਨਾਂ ਦੇ ਬਿਨਤੀ ਕੀਤੀ ਕਿ ਹੇ, ਰਸੂਲੁਲੱਾਹ ! ਮੇਰੀ ਬੇਹੱਦ ਇਛੱਾ ਤੇ ਤਮਨੱਾ ਸੀ ਕਿ ਮੈਂ ਜੁਮਏ ਵਿੱਚ ਹਜ਼ੂਰ ਨਾਲ ਸ਼ਾਮਲ ਹੋਕੇ ਹਜ਼ੂਰ ਦਾ ਖ਼ੁਤਬਾ ਸੁਣ ਲਵਾਂ ਅਤੇ ਫਿਰ ਪਿੱਛੋਂ ਜਾਂ ਕੇ ਉਹਨਾਂ ਨੂੰ ਮਾਰਗ ਵਿੱਚ ਜਾ ਮਿਲਾਂਗਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਧਰਤੀ ਵਿੱਚ ਜੋ ਕੁਝ ਵੀ ਹੈ ਜੇਕਰ ਤੁਸੀਂ ਉਹ ਸਾਰੇ ਦਾ ਸਾਰਾ ਖਰਚ ਕਰ ਦਿਓ ਤਾਂ ਜੋ ਲੋਕ ਨਿਰਦੇਸ਼ ਅਨੁਸਾਰ ਸਵੇਰੇ ਮੁਹਿਮ ਉਪੱਰ ਰਵਾਨਾ ਹੋਕੇ ਅੱਗੇ ਨਿਕਲ ਗਏ ਉਹ ਅਜਰ (ਪ੍ਰਤਤੀਫਲ) ਤੁਸੀਂ ਕਦੇ ਵੀ ਪ੍ਰਾਪਤ ਨਹੀਂ ਕਰ ਸਕਦੇ । ਇਸ ਦੇ ਬਾਦ ਰਿਵਾਇਤ ਵਿੱਚ ਆਉਂਦਾ ਹੈ ਕਿ ਜੱਦ ਕਿਸੇ ਜੰਗ ਜਾਂ ਮੁਹਿਮ ਵਿੱਚ ਜਾਣਾ ਹੁੰਦਾ ਤਾਂ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਸਭ ਤੋਂ ਪਹਿਲਾਂ ਉਸ ਦਸਤੇ ਵਿੱਚ ਸ਼ਾਮਲ ਹੁੰਦੇ ਅਤੇ ਸਭ ਤੋਂ ਅਖ਼ੀਰ ਵਿੱਚ ਮਦੀਨੇ ਵਾਪਸ ਪਰਤਿਆ ਕਰਦੇ ਸਨ ।

ਹਜ਼ਰਤ ਉਰਵਾਹ ਬਿਨ ਜ਼ੁਬੈਰ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੌਤਾਹ ਦੀ ਜੰਗ ਵਿੱਚ ਹਜ਼ਰਤ ਜ਼ੈਦ ਬਿਨ ਹਾਰਸਾਹ ਨੂੰ ਲਸ਼ਕਰ ਦਾ ਸਰਦਾਰ ਬਣਾਇਆ ਅਤੇ ਫ਼ਰਮਾਇਆ ਕਿ ਜੇਕਰ ਇਹ ਸ਼ਹੀਦ ਹੋ ਜਾਣ ਤਾਂ ਹਜ਼ਰਤ ਜਾਅਫ਼ਰ ਬਿਨ ਅਬੀ ਤਾਲਬ ਲਸ਼ਕਰ ਦੇ ਅਮੀਰ ਹੋਣਗ । ਜੇਕਰ ਇਹ ਵੀ ਸ਼ਹੀਦ ਹੋ ਜਾਣ ਤਾਂ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਅਗਵਾਈ ਸੰਭਾਲਣਗੇ । ਜੇਕਰ ਅਬਦੁਲੱਾਹ ਬਿਨ ਰਵਾਹਾ ਵੀ ਸ਼ਹੀਦ ਹੋ ਜਾਣ ਤਾਂ ਮੁਸਲਮਾਨ ਜਿਸ ਨੂੰ ਪਸੰਦ ਕਰਨ ਉਸ ਨੂੰ ਆਪਣਾ ਸਰਦਾਰ ਬਣਾ ਲੈਂਣ । ਇਸ ਲਸ਼ਕਰ ਦੀ ਰਵਾਨਗੀ ਤੇ ਵਿਦਾਈ ਦਾ ਸਮਾਂ ਆਇਆ ਤਾਂ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਰੋਣ ਲੱਗੇ । ਲੋਕਾਂ ਨੇ ਕਿਹਾ ਅਬਦੁਲੱਾਹ ਰੋਂਦੇ ਕਿਉਂ ਹੋ ? ਕਹਿਣ ਲੱਗੇ ਰੱਬ ਦੀ ਸਹੁੰ ਮੈਂਨੂੰ ਦੁਨੀਆ ਨਾਲ ਉਕੱਾ ਹੀ ਕੋਈ ਸਨੇਹ ਨਹੀਂ ਹੈ, ਪਰ ਮੈਂ ਇਸ ਆਇਤ ਦੀ ਕਿ (وَإِنْ مِّنْكُمْ إِلَّا وَارِدُهَا ۚ كَانَ عَلَىٰ رَبِّكَ حَتْمًا مَّقْضِيًّا) 'ਵ-ਇਨ ਮਿਨਕੁਮ ਇਲੱਾ ਵਾਰਿਦੁਹਾ, ਕਾਨਾ ਅਲਾ ਰੱਬਿਕਾ ਹਤਮੰਮ ਮਕਜ਼ੀਆ' ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਸੁਣਿਆ ਹੈ ਹਰ ਇਕ ਵਿਅਕਤੀ ਨੂੰ ਇਕ ਵਾਰ ਜ਼ਰੂਰ ਅੱਗ ਦਾ ਸਾਹਮਣਾ ਕਰਨਾ ਹੈ । ਸੋ, ਮੈਂ ਨਹੀਂ ਜਾਣਦਾ ਕਿ ਪੁਲਸਰਾਤ ਚੜ੍ਹਨ ਦੇ ਬਾਦ ਪਾਰ ਉਤਰਨ'ਤੇ ਮੇਰਾ ਕੀ ਹਾਲ ਹੋਵੇਗਾ । ਇਹਨਾਂ ਰੱਬ ਦਾ ਖ਼ੌਫ਼ ਰਖੱਣ ਵਾਲਿਆਂ ਬਾਰੇ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਜੋ ਚੰਗੇ ਅੰਜਾਮ ਦੀ ਖ਼ਬਰ ਦਿੱਤੀ ਹੈ ਉਸ ਦਾ ਵੀ ਵਰਨਣ ਮਿਲਦਾ ਹੈ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਮੌਤਾ ਦੀ ਜੰਗ ਸਮੇਂ ਲਸ਼ਕਰ ਦੇ ਅਮੀਰਾਂ ਬਾਰੇ ਫ਼ਰਮਾਇਆ ਕਿ ਮੈਂ ਇਹਨਾਂ ਨੂੰ ਸਵਰਗਾਂ ਵਿੱਚ ਸੋਨੇ ਦੇ ਤਖ਼ਤਾਂ ਉਪੱਰ ਬਿਰਾਜਮਾਨ ਦੇਖਿਆ ਹੈ ।

ਜਿਹਾਦ ਦੇ ਖੇਤਰ ਵਿੱਚ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਨੇ ਬਹੁਤ ਬਹਾਦੁਰੀ ਦੇ ਜੌਹਰ ਦਿਖਾਏ । ਮਸਅਬ ਬਿਨ ਸ਼ੇਬਾ ਵਰਨਣ ਕਰਦੇ ਹਨ ਕਿ ਜੱਦ ਜ਼ੈਦ ਅਤੇ ਹਜ਼ਰਤ ਜਾਅਫ਼ਰ ਵੀ ਸ਼ਹੀਦ ਹੋ ਗਏ ਤਾਂ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਰਣਖੇਤਰ ਵਿੱਚ ਅੱਗੇ ਆਏ । ਜੱਦ ਉਹਨਾਂ ਨੂੰ ਇਕ ਨੇਜ਼ਾ ਲੱਗਿਆ ਤਾਂ ਰਕਤ ਦੀ ਇਕ ਧਾਰ ਸ਼ਰੀਰ ਵਿੱਚੋਂ ਨਿਕਲੀ ਆਪ ਨੇ ਆਪਣੇ ਹੱਥ ਅੱਗੇ ਵਧਾਏ ਅਤੇ ਉਹਨਾਂ ਵਿੱਚ ਰਕਤ ਲੈਕੇ ਆਪਣੇ ਮੂੰਹ'ਤੇ ਮਲ ਲਿਆ । ਫ਼ਿਰ ਉਹ ਦੁਸ਼ਮਣਾ ਅਤੇ ਮੁਸਲਮਾਨਾਂ ਦੀਆਂ ਕਤਾਰਾਂ ਵਿੱਚ ਡਿੱਗ ਗਏ ਅਤੇ ਅਖੀਰ ਦਮ ਤੱਕ ਲਸ਼ਕਰ ਦੇ ਸਰਦਾਰ ਦੇ ਰੂਪ ਵਿੱਚ ਮੁਸਮਲਮਾਨਾ ਦਾ ਹੌਂਸਲਾ ਵਧਾਉਂਦੇ ਰਹੇ ਅਤੇ ਅਤਿਅੰਤ ਪ੍ਰਭਾਵੀ ਭਾਵਨਾਵਾਂ ਦੇ ਰੂਪ ਵਿੱਚ ਮੁਸਲਮਾਨਾ ਨੂੰ ਹੰਭਲਾ ਮਾਰਕੇ ਆਪਣੀ ਮਦਦ ਲਈ ਬੁਲਾਉਂਦੇ ਰਹੇ ਕਿ ਦੇਖੋ ਹੇ, ਮੁਸਲਮਾਨੋ ਇਹ ਤੁਹਾਡਾ ਭਰਾ ਦੁਸ਼ਮਣਾ ਸਾਹਮਣੇ ਪਿਆ ਹੋਇਆ ਹੈ ਅੱਗੇ ਵਧੋ ਅਤੇ ਦੁਸ਼ਮਣਾ ਨੂੰ ਆਪਣੇ ਭਰਾ ਦੇ ਮਾਰਗ ਤੋਂ ਦੂਰ ਕਰ ਦਿਓ ਅਤੇ ਹਟਾਓ, ਸੋ, ਮੁਸਲਮਾਨਾਂ ਨੇ ਇਸ ਮੌਕੇ ਬੜੇ ਜ਼ੋਰ ਨਾਲ ਕੁਫ਼ਾਰਾਂ ਉਪੱਰ ਹਮਲੇ ਕੀਤੇ ਅਤੇ ਇਕ ਉੱਤੇਂ ਇਕ ਹਮਲੇ ਕੀਤੇ । ਇਸੇ ਦੌਰਾਨ ਹਜ਼ਰਤ ਅਬਦੁਲੱਾਹ ਵੀ ਸ਼ਹੀਦ ਹੋਏ ।

ਇਹਨਾਂ ਦੀ ਇਕ ਵਿਸ਼ੇਸ਼ਤਾ ਬਾਰੇ ਇਹਨਾਂ ਦੀ ਵਿਧਵਾ ਨੇ ਕਿੰਨ੍ਹੀ ਹੀ ਸੁੰਦਰ ਗਵਾਹੀ ਦਿੱਤੀ ਕਿ ਹਜ਼ਰਤ ਬਦੁਲੱਾਹ ਬਿਨ ਰਵਾਹਾ ਕਦੇ ਵੀ ਘਰੋਂ ਬਾਹਰ ਨਹੀਂ ਜਾਂਦੇ ਸਨ ਜੱਦ ਤੱਕ ਦੋ ਰਕਅਤ ਨਫ਼ਲ ਨਹੀ ਪੜ੍ਹ ਲੈਂਦੇ ਸਨ । ਇਸੇ ਪ੍ਰਕਾਰ ਜੱਦ ਘਰ ਵਿੱਚ ਦਾਖ਼ਲ ਹੁੰਦੇ ਤਾਂ ਆਪ ਦਾ ਸਭ ਤੋਂ ਪਹਿਲਾ ਕੰਮ ਵੁਜ਼ੂ ਕਰਕੇ ਦੋ ਰਕਅਤ ਨਫ਼ਲ ਨਮਾਜ਼ ਪੜ੍ਹਿਆ ਕਰਦੇ ਸਨ । ਹਜ਼ਰਤ ਅਬੂ ਲੈਲਾ ਵਰਨਣ ਕਰਦੇ ਹਨ ਕਿ ਇਕ ਵਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਖ਼ੁਤਬਾ ਦੇ ਰਹੇ ਸਨ ਇਸ ਦੌਰਾਨ ਆਪ

ਨੇ ਫ਼ਰਮਾਇਆ ਕਿ ਲੋਕੋ ਬੈਠ ਜਾਓ । ਹਜ਼ਰਤ ਅਬਦੁਲੱਾਹ ਬਿਨ ਰਵਾਹਾ ਮਸਜਿਦ ਤੋਂ ਬਾਹਰ ਖ਼ੁਤਬਾ ਸੁਨਣ ਲਈ ਆ ਰਹੇ ਸਨ, ਉਹ ਓਥੇ ਹੀ ਬੈਠ ਗਏ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ (زَادَكَ اللهُ حِرْصًا عَلٰى طُوْعِيَةِ اللهِ وَطُوْعِيَةِ الرَّسُوْلِ) 'ਜ਼ਾਦਾਕਲੱਾਹੁ ਹਿਰਸਨ ਅਲਾ ਤੁਇਯਾਤਿਲੱਾਹਿ ਵ ਤੋਇਯਾਤਿਰ ਰਸੂਲ' । ਕਿ ਹੇ, ਅਬਦੁਲੱਾਹ ਬਿਨ ਰਵਾਹਾ ! ਅਲੱਾਹ ਅਤੇ ਰਸੂਲ ਦੀ ਅਗਿਆਕਾਰੀ ਤੁਹਾਡੀ ਇਹ ਭਾਵਨਾ ਰੱਬ ਹੋਰ ਵਧਾਏ ।

ਆਪ ਇਕ ਉਚੱ ਕੋਟਿ ਦੇ ਕਵੀ ਸਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਦਰਬਾਰ ਦੇ ਕਵੀਆਂ ਵਿੱਚ ਹਜ਼ਰਤ ਕਾਅਬ ਬਿਨ ਮਾਲਿਕ ਅਤੇ ਹਜ਼ਰਤ ਹਸਾਨ ਬਿਨ ਸਾਬਿਤ ਤੋਂ ਬਿਨਾ ਇਹ ਤੀਜੇ ਉੱਚ ਕੋਟਿ ਦੇ ਕਵੀ ਸਨ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਸ਼ਾਨ ਵਿੱਚ ਇਕ ਸ਼ੇਅਰ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਨੇ ਅਜਿਹਾ ਕਿਹਾ ਕਿ ਉਸ ਨੂੰ ਆਪ ਦਾ ਵੱਧੀਆ ਸ਼ੇਅਰ ਕਿਹਾ ਜਾ ਸਕਦਾ ਹੈ । ਉਹ ਸ਼ੇਅਰ ਆਪ ਦੀ ਮਨ ਦੀ ਅਵਸਥਾ ਨੂੰ ਖ਼ੂਬ ਵਰਨਣ ਕਰਦਾ ਹੈ ਜਿਸ ਵਿੱਚ ਹਜ਼ਰਤ ਅਬਦੁਲੱਾਹ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਕੋਲ ਜੇਕਰ ਸਚੱਾਈ ਅਤੇ ਸੱਤ ਪ੍ਰਕਟ ਕਰਨ ਲਈ ਉਹ ਸਾਰੇ ਖੁੱਲੇ ਖੁੱਲੇ ਚਮਤਕਾਰ ਤੇ ਪ੍ਰਕਾਸ਼ਮਈ ਨਿਸ਼ਾਨ ਨ ਵੀ ਹੁੰਦੇ ਜੋ ਆਪ ਨਾਲ ਸਨ ਤਾਂ ਵੀ ਆਪ ਦਾ ਚਿਹਰਾ ਹੀ ਆਪ ਦੀ ਸਚੱਾਈ ਲਈ ਬਹੁਤ ਸੀ ਜੋ ਆਪ ਹੀ ਆਪ ਆਪਦੀ ਸਚੱਾਈ ਦੀ ਘੋਸ਼ਣਾ ਕਰ ਰਿਹਾ ਸੀ । ਇਹ ਲੋਕ ਸਨ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਆਸ਼ਕ ਸਨ ਜਿੰਨ੍ਹਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਚਿਹਰੇ ਨੂੰ ਹੀ ਦੇਖਕੇ ਸਚੱਾਈ ਨੂੰ ਪਛਾਨਿਆ ।

ਫਿਰ ਇਤਿਹਾਸ ਵਿੱਚ ਸਾਨੂੰ ਦੋ ਛੋਟੀ ਉਮਰ ਦੇ ਭਰਾਵਾਂ ਦਾ ਵੀ ਵਰਨਣ ਮਿਲਦਾ ਹੈ ਜਿੰਨ੍ਹਾ ਦੀ ਜੁਰੱਤ ਤੇ ਹਿਮੱਤ ਹੈਰਾਨੀ ਭਰਪੂਰ ਸੀ । ਹਜ਼ਰਤ ਮਆਜ਼ ਬਿਨ ਹਾਰਸ ਬਿਨ ਰਫ਼ਾਤਾ ਅਤੇ ਹਜ਼ਰਤ ਮਊਜ਼ ਬਿਨ ਹਾਰਸ ਬਿਨ ਰਫ਼ਾਤਾ । ਬਦਰ ਦੀ ਜੰਗ ਵਿੱਚ ਸ਼ਾਮਲ ਸਨ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹ ਅਨਹੁ ਰਿਵਾਇਤ ਕਰਦੇ ਹਨ ਕਿ ਜੱਦ ਜੰਗ ਸ਼ੁਰੂ ਹੋਈ ਤਾਂ ਮੈਂ ਆਪਣੇ ਸੱਜੇ ਖੱਬੇ ਨਜ਼ਰ ਕੀਤੀ ਤਾਂ ਦੇਖਿਆ ਕਿ ਅੰਸਾਰ ਦੇ ਦੋਨੋ ਜੁਆਨ ਲੜਕੇ ਮੇਰੇ ਨਾਲ ਖੜੇ ਹਨ । ਇਹਨਾਂ ਨੂੰ ਦੇਖਕੇ ਮੇਰਾ ਮਨ ਕੁਝ ਬਹਿ ਜਿਹਾ ਗਿਆ । ਮੈਂ ਇਸ ਵਿਚਾਰ ਵਿੱਚ ਹੀ ਸੀ ਕਿ ਇਹ ਬੱਚੇ ਮੇਰੀ ਕੀ ਰੱਖਿਆ ਕਰਨਗੇ ਕਿ ਇਹਨਾਂ ਲੜਕਿਆਂ ਵਿੱਚੋਂ ਇਕ ਨੇ ਮੈਂਨੂੰ ਹੌਲੀ ਜਿਹੀ ਪੁੱਛਿਆ ਕਿ ਚਾਚਾ ਉਹ ਅਬੂਜਿਹਲ ਕਿੱਥੇ ਹੈ ਜੋ ਮੱਕੇ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲ ਨੂੰ ਦੁੱਖ ਦਿਆ ਕਰਦਾ ਸੀ । ਮੈਂ ਰੱਬ ਨਾਲ ਪ੍ਰਣ ਕੀਤਾ ਹੈ ਕਿ ਮੈਂ ਉਸ ਨੂੰ ਕਤਲ ਕਰਾਂਗਾ ਜਾਂ ਕਤਲ ਕਰਨ ਦੇ ਜਤਨ ਵਿੱਚ ਮਾਰਿਆ ਜਾਵਾਂਗਾ । ਕਹਿੰਦੇ ਹਨ ਮੈਂ ਅਜੇ ਉਸ ਦਾ ਉਤੱਰ ਨਹੀ ਦਿਤੱਾ ਸੀ ਕਿ ਦੂਜੇ ਪਾਸਿਓਂ ਦੂਜੇ ਨੇ ਵੀ ਇਸੇ ਪ੍ਰਕਾਰ ਹੌਲੀ ਜਿਹੀ ਇਹੋ ਪ੍ਰਸ਼ਨ ਕੀਤਾ ਤਾਂ ਮੈਂ ਉਹਨਾਂ ਦੀ ਜੁਰੱਤ ਦੇਖਕੇ ਹੈਰਾਨ ਰਹਿ ਗਿਆ ਕਿਉਂਕਿ ਅਬੂਜਿਹਲ ਲਸ਼ਕਰ ਦਾ ਸਰਦਾਰ ਸੀ ਅਤੇ ਉਸ ਦੇ ਚਾਰੇ ਪਾਸੇ ਪ੍ਰੀਖਿਅਤ ਸਿਪਾਹੀ ਤੈਨਾਤ ਸਨ । ਮੈਂ ਹੱਥ ਦੇ ਸੰਕੇਤ ਨਾਲ ਕਿਹਾ ਕਿ ਉਹ ਅਬੂਜਿਹਲ ਹੈ । ਅਬਦੁਰ ਰਹਮਾਨ ਕਹਿੰਦੇ ਹਨ ਕਿ ਮੇਰਾ ਇਸ਼ਾਰਾ ਕਰਨਾ ਸੀ ਕਿ ਦੋਵੇਂ ਬੱਚੇ ਬਾਜ਼ ਵਾਂਗ ਝਪਟੇ ਅਤੇ ਦੁਸ਼ਮਣਾ ਦੀਆਂ ਪੰਕਤੀਆਂ ਕਟੱਦੇ ਹੋਏ ਦੇਖਦਿਆਂ ਹੀ ਦੇਖਦਿਆਂ ਪਹੁੰਚ ਗਏ ਅਤੇ ਤੀਬਰਤਾ ਨਾਲ ਵਾਰ ਕੀਤਾ ਕਿ ਅਬੂਜਿਹਲ ਤੇ ਉਸ ਦੇ ਸਾਥੀ ਦੇਖਦੇ ਰਹਿ ਗਏ ਅਤੇ ਅਬੂਜਿਹਲ ਨੂੰ ਹੇਠਾਂ ਸੁੱਟ ਲਿਆ । ਅਕਰਮਾ ਬਿਨ ਅਬੂਜਿਹਲ ਵੀ ਆਪਣੇ ਪਿਤਾ ਨਾਲ ਸੀ ਉਹ ਆਪਣੇ ਪਿਤਾ ਨੂੰ ਤਾਂ ਨਹੀਂ ਬਚਾ ਸਕਿਆ ਪਰ ਉਸਨੇ ਪਿੱਛੋਂ ਮਆਜ਼ ਉਪੱਰ ਅਜਿਹਾ ਵਾਰ ਕੀਤਾ ਕਿ ਉਹਨਾਂ ਦਾ ਸਜੱਾ ਹੱਥ ਕੱਟ ਗਿਆ ਅਤੇ ਲਮਕਣ ਲੱਗਾ । ਮਆਜ਼ ਨੇ ਅਕਰਮਾ ਦਾ ਪਿਛੱਾ ਕੀਤਾ ਪਰ ਉਹ ਬੱਚ ਗਏ । ਕਿਉਂਕਿ ਕੱਟੀ ਹੋਈ ਬਾਂਹ ਲੜਣ ਵਿੱਚ ਰੋਕ ਪੈਦਾ ਕਰ ਰਹੀ ਸੀ ਤਾਂ ਮਆਜ਼ ਨੇ ਉਸ ਨੂੰ ਜ਼ੋਰ ਨਾਲ ਖਿਚੱਕੇ ਆਪਣੇ ਸ਼ਰੀਰ ਤੋਂ ਅੱਡ ਕਰ ਦਿੱਤੀ ਅਤੇ ਫਿਰ ਲੜਨ ਲੱਗ ਪਏ । ਉਹਨਾਂ ਲੜਕਿਆਂ ਵਿੱਚ ਇਮਾਨ ਦੀ ਗ਼ੈਰਤ ਸੀ, ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਮ ਦਾ ਇਸ਼ਕ ਸੀ, ਜਿਸ ਨੇ ਉਹਨਾਂ ਨੂੰ ਨਿਡਰ ਬਣਾ ਦਿਤੱਾ ਕਿ ਉਹ ਵਿਅਕਤੀ ਜੋ ਇਸਲਾਮ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਕਈ ਸਾਲ ਕਸ਼ਟ ਦਿੰਦਾ ਰਿਹਾ ਉਸ ਦਾ ਅੰਤ ਸਾਡੇ ਹੱਥੋਂ ਹੋਵੇ । ਇਹ ਅੱਜ ਕਲ ਦੇ ਨਾਂ ਨਿਹਾਦ ਜਿਹਾਦੀਆਂ ਵਾਂਗ ਨਹੀਂ ਹਨ ਕਿ ਨੌਜੁਆਨਾ ਨੂੰ, ਬੱਚਿਆਂ ਨੂੰ ਰੈਡੀਕਲਾਇਜ਼ ਕਰ ਲੈਂਦੇ ਹਨ ਕਿ ਆਓ ਅਤੇ ਜੰਗ ਕਰੋ ਇਸਲਾਮ ਲਈ ਸਗੋਂ ਇਕ ਉਦੇਸ਼ ਸੀ ਉਹਨਾਂ ਦਾ ਕਿ ਦੁਸ਼ਮਣ ਜੇਕਰ ਸਾਨੂੰ ਹੁਣ ਅਮਨ ਨਹੀਂ ਦਿੰਦਾ, ਇਸ ਦੇ ਬਾਦ ਵੀ ਕਿ ਅਸੀਂ ਵਖੱਰੇ ਹੋ ਗਏ ਹਨ ਅਤੇ ਫਿਰ ਇਸ ਲਈ ਸਾਨੂੰ ਹਰ ਕੁਰਬਾਨੀ ਦੇਣੀ ਚਾਹੀਦੀ ਹੈ ਤਾਂ ਜੋ ਆਮਨ ਦੀ ਸਥਾਪਨਾ ਹੋਵੇ ਨ ਕਿ ਫ਼ਸਾਦ ਪੈਦਾ ਹੋਵੇ । ਸੋ,

ਅੱਜਕਲ ਦੇ ਜਿਹਾਦੀਆਂ ਵਿੱਚ ਅਤੇ ਉਹਨਾਂ ਜਿਹਾਦ ਕਰਨ ਵਾਲਿਆਂ ਵਿੱਚ ਬਹੁਤ ਅੰਤਰ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਮੈਂ ਇਹੋ ਸਹਾਬਾ ਦਾ ਨਮੂਨਾ ਆਪਣੀ ਜਮਾਤ ਵਿੱਚ ਦੇਖਣਾ ਚਾਹੁੰਦਾ ਹਾਂ ਕਿ ਰੱਬ ਨੂੰ ਪਹਿਲ ਦੇਣ ਅਤੇ ਕੋਈ ਕੰਮ ਉਹਨਾ ਦੇ ਮਾਰਗ ਵਿੱਚ ਰੋਕ ਨ ਹੋਵੇ । ਉਹ ਆਪਣੇ ਤਨ ਮਨ ਤੇ ਧੰਨ ਨੂੰ ਨੀਵਾਂ ਜਾਨਣ । ਮੈਂ ਦੇਖਦਾ ਹਾਂ ਕਿ ਕਈ ਲੋਕਾਂ ਦੇ ਕਾਰਡ ਆਉਂਦੇ ਹਨ, ਕਿਸੇ ਵਪਾਰ ਜਾਂ ਕੰਮ ਵਿੱਚ ਹਾਣ ਹੋਇਆ ਅਤੇ ਕਿਸੇ ਪ੍ਰਕਾਰ ਦੀ ਕੋਈ ਔਕੁੜ ਆਈ ਤਾਂ ਝੱਟ ਸ਼ੰਕਿਆਂ ਵਿੱਚ ਪੈ ਗਏ ਕਿ ਪਤਾ ਨਹੀਂ ਅਸੀਂ ਮਸੀਹ ਮੌਊਦ ਨੂੰ ਮੰਨ੍ਹਕੇ ਗ਼ਲਤੀ ਤਾਂ ਨਹੀਂ ਕਰ ਲਈ । ਫ਼ਰਮਾਉਂਦੇ ਹਨ ਕਿ ਅਜਿਹੀ ਅਵਸਥਾ ਵਿੱਚ ਹਰ ਵਿਅਕਤੀ ਸਮਝ ਸਕਦਾ ਹੈ ਕਿ ਅਸਲ ਉਦੇਸ਼ ਤੇ ਮੰਤਵ ਤੋਂ ਉਹ ਕਿੰਨ੍ਹੇ ਦੂਰ ਹਨ । ਗ਼ੌਰ ਕਰੋ ਕਿ ਕੀ ਅੰਤਰ ਹੈ ਸਹਾਬਾ ਵਿੱਚ ਅਤੇ ਇਹਨਾਂ ਲੋਕਾਂ ਵਿੱਚ । ਸਹਾਬਾ ਇਹ ਚਾਹੁੰਦੇ ਸਨ ਕਿ ਰੱਬ ਨੂੰ ਰਾਜ਼ੀ ਕਰਨ, ਭਾਂਵੇਂ ਉਸ ਦੇ ਮਾਰਗ ਵਿੱਚ ਕਿੰਨ੍ਹੀਆਂ ਹੀ ਔਕੁੜਾਂ ਝਲੱਣੀਆਂ ਪੈਂਣ ਜੇਕਰ ਕੋਈ ਔਕੁੜਾਂ ਤੇ ਮੁਸੀਬਤਂ ਵਿੱਚ ਨ ਪੈਂਦਾ ਅਤੇ ਉਸ ਨੂੰ ਦੇਰ ਹੁੰਦੀ ਤਾਂ ਉਹ ਰੋਂਦਾ ਅਤੇ ਚੀਕਦਾ ਸੀ। ਉਹ ਸਮਝ ਚੁਕੇ ਸਨ ਕਿ ਪ੍ਰੀਖਿਆਵਾਂ ਹੇਠ ਰੱਬ ਦੀ ਰਜ਼ਾ ਦਾ ਪਰਵਾਨਾ ਤੇ ਖ਼ਜ਼ਾਨਾ ਲੁਕਿਆ ਹੈ ।

ਫਿਰ ਆਪ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼ ਉਹਨਾਂ ਦੀ ਪ੍ਰਸ਼ੰਸਾ ਨਾ ਭਰਿਆ ਪਿਆ ਹੈ, ਉਸ ਨੂੰ ਖੋਲਕੇ ਦੇਖੋ । ਸਹਾਬਾ ਦਾ ਜੀਵਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲ ਦੇ ਜੀਵਨ ਦੀ ਸਚੱਾਈ ਦਾ ਕਰਮ ਰੂਪੀ ਪ੍ਰਮਾਣ ਸੀ । ਸਹਾਬਾ ਜਿਸ ਸਥਾਨ ਨੂੰ ਪਹੁੰਚੇ ਹੋਏ ਸਨ ਉਸ ਨੂੰ ਕੁਰਆਨ ਕਰੀਮ ਨੇ ਇਉਂ ਵਰਨਣ ਕੀਤਾ ਹੈ (مِنْهُمْ مَّنْ قَضٰى نَحْبَهٗ وَمِنْهُمْ مَّنْ يَّنْتَظِرُ) 'ਮਿਨਹੁਮ ਮਨ ਕਜ਼ਾ ਨਹਬਾਹੂ ਵਮਿਨਹੁਮ ਮੰਯ ਯਨਤਜ਼ਿਰੁ' ਅਰਥਾਤ ਕਈ ਉਹਨਾਂ ਵਿੱਚੋਂ ਸ਼ਹੀਦੀ ਪ੍ਰਾਪਤ ਕਰ ਚੁਕੇ ਹਨ ਅਤੇ ਉਹਨਾਂ ਨੇ ਅਸਲ ਮਨੋਰਥ ਨੂੰ ਪਾ ਲਿਆ ਹੈ ਅਤੇ ਕਈ ਉਹਨਾਂ ਵਿੱਚੋਂ ਉਡੀਕ ਵਿੱਚ ਹਨ, ਚਾਹੁੰਦੇ ਹਨ ਕਿ ਸ਼ਹੀਦੀ ਨਸੀਬ ਹੋਵੇ । ਸਹਾਬਾ ਦੁਨੀਆ ਵੱਲ ਨਹੀਂ ਝੁਕੇ ਕਿ ਉਮਰਾਂ ਲੰਮੀਆਂ ਹੋਣ ਅਤੇ ਐਨ੍ਹਾ ਧੰਨ ਮਾਲ ਮਿਲੇ ਅਤੇ ਇਉਂ ਬੇ-ਫ਼ਿਕਰੀ ਤੇ ਐਸ਼ ਦੇ ਸਾਧਨ ਹੋਣ । ਆਪ ਫ਼ਰਮਾਉਂਦੇ ਹਨ ਕਿ ਮੈਂ ਜੱਦ ਸਹਾਬਾ ਦੇ ਨਮੂਨਿਆਂ ਨੂੰ ਦੇਖਦਾ ਹਾਂ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਪਵਿੱਤਰ ਸ਼ਕਤੀਆਂ ਦੇ ਅਸਾਧਾਰਣ ਪ੍ਰਤਾਪ ਦਾ ਆਪ ਮੁਹਾਰੇ ਹੀ ਇਕਰਾਰ ਕਰਨਾ ਪੈਂਦਾ ਹੈ ਕਿ ਕਿਵੇਂ ਆਪ ਨੇ ਉਹਨਾ ਦੀ ਕਾਇਆ ਹੀ ਪਲਟ ਦਿੱਤੀ ਅਤੇ ਉਹਨਾਂ ਨੂੰ ਬ-ਖ਼ੁਦਾ ਕਰ ਦਿਤੱਾ । اللهم صل على محمد وعلى آل محمد وبارك وسلم

ਆਪ ਫ਼ਰਮਾਉਂਦੇ ਹਨ ਕਿ ਸਾਡਾ ਇਹ ਫ਼ਰਜ਼ ਹੋਣਾ ਚਾਹੀਦਾ ਹੈ ਕਿ ਅਸੀਂ ਰੱਬ ਦੀ ਰਜ਼ਾ ਦੇ ਜਾਚਕ ਰਹੀਏ ਅਤੇ ਉਸੇ ਨੂੰ ਆਪਣਾ ਅਸਲ ਮੰਤਵ ਕਰਾਰ ਦੇਈਏ । ਸਾਡੇ ਸਾਰੇ ਜਤਨ ਤੇ ਸੰਘਰਸ਼ ਰੱਬ ਦੀ ਰਜ਼ਾ ਹਾਸਲ ਕਰਨ ਵਿੱਚ ਹੋਣੇ ਚਾਹੀਦੇ ਹਨ, ਭਾਵੇਂ ਔਕੁੜਾਂ ਤੇ ਮੁਸੀਬਤਾਂ ਹੀ ਪ੍ਰਾਪਤ ਹੋਣ । ਇਹ ਇਲਾਹੀ ਰਜ਼ਾ ਦੁਨੀਆ ਅਤੇ ਉਸ ਦੇ ਸਾਰਿਆਂ ਆਨੰਦਾ ਤੋਂ ਚੰਗੀ ਤੇ ਉਤੱਮ ਹੈ । ਅਲੱਾਹ ਤਆਲਾ ਸਾਨੂੰ ਇਹ ਫ਼ਰਜ਼ ਪੂਰਾ ਕਰਨ ਦਾ ਸੰਜੋਗ ਪ੍ਰਦਾਨ ਕਰੇ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਅਲਹਾਜ ਇਸਮਾਈਲ ਬੀ ਕੇ ਆਡੋ ਸਾਹਬ ਦੇ ਸਦਗੁਣਾ ਨੂੰ ਵਰਨਣ ਕੀਤਾ ਅਤੇ ਜੁਮਏ ਦੀ ਨਮਾਜ਼ ਦੇ ਬਾਦ ਨਮਾਜ਼ ਜਨਾਜ਼ਾ ਗਾਇਬ ਪੜ੍ਹਾਈ ।

**Khulasa Khutba Jumma 16.03.2018**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131